# ਪਰਮੇਸ਼ੁਰ ਦਾ ਵਚਨ ਸੁਣਾ ਕੇ ਯਿਸੂ ਨੇ ਲੋਕਾਂ ਦੇ ਦਿਲਾਂ ਨੂੰ ਹਿਲਾ ਦਿੱਤਾ।

**ਪ੍ਰਾਰਥਨਾ :** ''ਪਿਆਰੇ ਪ੍ਰਭੂ, ਕਿਰਪਾ ਕਰਕੇ ਆਪਣੇ ਬੱਚਿਆਂ ਦੇ ਦਿਲਾਂ ਨੂੰ ਇੰਮਾਊਸ ਦੇ ਰਸਤੇ ਜਾ ਰਹੇ ਚੇਲਿਆਂ ਦੇ ਦਿਲਾਂ ਵਾਂਗ ਹਿੱਲਣ ਵਿੱਚ ਮਦਦ ਕਰ ਜਦੋਂ ਉਹ ਸਿੱਖਦੇ ਹਨ ਕਿ ਪ੍ਰਾਚੀਨ ਨਬੀਆਂ ਨੇ ਯਿਸੂ ਬਾਰੇ ਕੀ ਭਵਿੱਖਬਾਣੀਆਂ ਕੀਤੀਆਂ।''

ਇਨ੍ਹਾਂ ਵਿੱਚੋਂ ਕੋਈ ਵੀ ਅਜਿਹੀ **ਗਤੀਵਿਧੀ** ਚੁਣੋ ਜਿਹੜੀ ਬੱਚਿਆਂ ਦੀ ਉਮਰ ਅਤੇ ਲੋੜਾਂ ਲਈ ਢੁੱਕਵੀਂ ਹੈ।

ਕਿਸੇ ਵੱਡੇ ਬੱਚੇ ਜਾਂ ਸਿੱਖਿਅਕ ਨੂੰ ਮੂੰਹ ਜਬਾਨੀ **ਲੂਕਾ 24:13-35** ਵਿੱਚੋਂ ਤੀਬਰ ਦਿਲਾਂ ਦੀ ਕਹਾਣੀ ਪੜ੍ਹਨ ਜਾਂ ਦੱਸਣ ਦਿਓ।

**ਦੱਸੋ** ਕਿ ਯਿਸੂ ਨੇ ਦੋ ਮਨੁੱਖਾਂ ਨੂੰ ਉਹੋ ਕਿਹਾ ਜੋ ਬਾਈਬਲ ਉਸ ਬਾਰੇ ਪਹਿਲਾਂ ਦੱਸਦੀ ਹੈ; ਉਨ੍ਹਾਂ ਇੰਨੀਂ ਜਿਆਦਾ ਖੁਸ਼ੀ ਮਹਿਸੂਸ ਕੀਤੀ ਕਿ ਇਹ ਇਸ ਤਰ੍ਹਾਂ ਸੀ ਕਿ ਜਿਵੇਂ ਉਨਾਂ ਦੇ ਦਿਲਾਂ ਵਿੱਚ ਅੱਗ ਹੋਵੇ। ਪਰਮੇਸ਼ੁਰ ਨੇ ਆਪਣੇ ਪ੍ਰਾਚੀਨ ਨਬੀਆਂ ਨੂੰ ਦੱਸਿਆ ਸੀ ਕਿ ਭਵਿੱਖ ਵਿੱਚ ਕੀ ਹੋਵੇਗਾ।



**ਇਹ ਪ੍ਰਸ਼ਨ ਪੁੱਛੋ।** *(ਹਰ ਪ੍ਰਸ਼ਨ ਦਾ ਉੱਤਰ ਉਸਦੇ ਸਾਹਮਣੇ ਦਿੱਤਾ ਗਿਆ ਹੈ।)*

- ਜਦੋਂ ਦੋ ਮਨੁੱਖਾਂ ਨੇ ਯਿਸੂ ਨੂੰ ਵੇਖਿਆ ਤਾਂ ਕੀ ਉਨ੍ਹਾਂ ਉਸਨੂੰ ਪਹਿਚਾਣਿਆ? *(ਆਇਤ 16 ਵੇਖੋ )*
- ਦੋਵੇਂ ਮਨੁੱਖ ਇੰਨੇ ਉਦਾਸ ਕਿਉਂ ਵਿਖ ਰਹੇ ਸਨ? *(ਆਇਤ 20 ਯਿਸੂ ਮਰ ਚੁੱਕਾ ਸੀ।)*
- ਮਨੁੱਖਾਂ ਨੇ ਯਿਸੂ ਬਾਰੇ ਕੀ ਕਿਹਾ? *(19-23 ਆਇਤਾਂ )*
- ਯਿਸੂ ਨੇ ਉਨ੍ਹਾਂ ਦੇ ਦੁੱਖ ਬਾਰੇ ਕੀ ਕਿਹਾ? *(26 ਆਇਤ ਵੇਖੋ )*
- ਯਿਸੂ ਨੇ ਦੋਵੇਂ ਮਨੁੱਖਾਂ ਨੂੰ ਕੀ ਦੱਸਿਆ? *(27 ਆਇਤ ਵੇਖੋ )*
- ਅਖ਼ੀਰ ਮਨੁੱਖ ਯਿਸੂ ਨੂੰ ਕਦੋਂ ਪਹਿਚਾਣੇ? *(30-31 ਆਇਤਾਂ ਵੇਖੋ )*

ਲੂਕਾ 24:13-35 ਵਿੱਚੋਂ ਇੰਮਊਸ ਨੂੰ ਜਾਂਦੇ ਚੇਲਿਆਂ ਦੀ ਕਹਾਣੀ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।

- ਅਰਾਧਨਾ ਕਰਨ ਵਾਲੇ ਆਗੂਆਂ ਨਾਲ ਮਿਲਕੇ ਇਹ ਛੋਟਾ ਨਾਟਕ ਜਾਂ ਇਸਦੇ ਕੁਝ ਭਾਗ ਪੇਸ਼ ਕਰਨ ਦਾ ਪ੍ਰਬੰਧ ਕਰੋ।

- ਬੱਚਿਆਂ ਨੂੰ ਸਿੱਖਿਆ ਦੇਣ ਦੇ ਆਪਣੇ ਸਮੇਂ ਦਾ ਪ੍ਰਯੋਗ ਨਾਟਕ ਦੀ ਤਿਆਰੀ ਲਈ ਕਰੋ।
- ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ਤਿਆਰੀ ਕਰਨ ਵਿੱਚ ਮਦਦ ਕਰਨ ਦਿਓ।
- ਵੱਡੇ ਬੱਚਿਆਂ ਜਾਂ ਬਾਲਗਾਂ ਨੂੰ **ਯਿਸੂ** ਦਾ, **ਜ਼ਬੂਰ ਲਿਖਣ ਵਾਲੇ** ਦਾ (6 ਤੱਕ) ਅਤੇ **ਕਥਾਵਾਚਕ** ਜਿਹੜਾ ਕਹਾਣੀ ਦਾ ਖੁਲਾਸਾ ਕਰਦਾ ਹੈ ਅਤੇ ਬੱਚਿਆਂ ਨੂੰ ਯਾਦ ਰੱਖਣ ਵਿੱਚ ਮਦਦ ਕਰਦਾ ਹੈ ਦਾ ਕਿਰਦਾਰ ਅਦਾ ਕਰਨ ਦਿਓ। ਜਬੂਰ ਲਿਖਣ ਵਾਲੇ ਨੂੰ ਜਬੂਰ 22 ਵਿੱਚੋਂ ਮੂੰਹ ਜ਼ਬਾਨੀ ਆਇਤਾਂ ਪੜ੍ਹਨ ਜਾਂ ਦੱਸਣ ਦਿਓ, ਜਿਨ੍ਹਾਂ ਦੀ ਉਦਾਹਰਣ ਨਾਟਕ ਵਿੱਚ ਦਿੱਤੀ ਗਈ ਹੈ।
- ਛੋਟੇ ਬੱਚਿਆਂ ਨੂੰ **ਕਲਿਉਪਸ, ਸਾਥੀ** ਅਤੇ **ਚੇਲਿਆਂ** ਦਾ ਕਿਰਦਾਰ ਨਿਭਾਉਣ ਦਿਓ।

**ਕਥਾਵਾਚਕ :** ਲੂਕਾ 24:13-27 ਵਿੱਚੋਂ ਕਹਾਣੀ ਦਾ ਪਹਿਲਾ ਭਾਗ ਸੁਣਾਏ। ਫਿਰ ਕਹੇ, ''ਸੁਣੋ ਕਲਿਉਪਸ ਕੀ ਕਹਿੰਦਾ ਹੈ।''

**ਕਲਿਉਪਸ :** (ਆਪਣੀ ਸਾਥੀ ਨਾਲ ਤੁਰਦਿਆਂ ਤੁਰਦਿਆਂ ਗੱਲ ਕਰੇ।) ''ਕਿਉਂਕਿ ਯਿਸੂ ਮਰ ਚੁੱਕਾ ਹੈ, ਮੈਂ ਬਹੁਤ ਜਿਆਦਾ ਉਦਾਸ ਹਾਂ! ਪਰਮੇਸ਼ੁਰ ਨੇ ਉਸਨੂੰ ਕਿਉਂ ਮਰਨ ਦਿੱਤਾ?''

**ਯਿਸੂ :** ''ਮੇਰੇ ਮਿੱਤਰ, ਤੁਸੀਂ ਤੁਰਦੇ ਜਾਂਦੇ ਕੀ ਗੱਲਾਂ ਕਰਦੇ ਹੋ?''

**ਸਾਥੀ :** ''ਯਿਸੂ ਮਰ ਗਿਆ ਹੈ। ਉਹ ਸ਼ਕਤੀਸ਼ਾਲੀ ਨਬੀ ਸੀ। ਅਸੀਂ ਸੋਚਿਆ ਸੀ ਕਿ ਉਹ ਇਸਰਾਏਲ ਦਾ ਰਾਜਾ ਹੋਵੇਗਾ, ਪਰ ਸਾਡੇ ਸ਼ਾਸਕਾਂ ਨੇ ਉਸਨੂੰ ਮਾਰ ਸੁੱਟਿਆ। ਅੱਜ ਕੁਝ ਤੀਵੀਆਂ ਨੇ ਦੱਸਿਆ ਕਿ ਉਹ ਫਿਰ ਜੀ ਉੱਠਿਆ ਹੈ!''

**ਯਿਸੂ :** ''ਕੀ ਤੁਸੀਂ ਨਹੀਂ ਸਮਝਦੇ? ਉਸਨੇ ਦੁੱਖ ਉਠਾਉਣਾ ਅਤੇ ਮਰਨਾ ਸੀ। ਹੁਣ ਸੁਣੋ ਪਵਿੱਤਰ ਵਚਨ ਉਸ ਬਾਰੇ ਕੀ ਕਹਿੰਦਾ ਹੈ।''

**ਕਥਾਵਾਚਕ :** ਯਿਸੂ ਨੇ ਉਨ੍ਹਾਂ ਵਚਨਾਂ ਦਾ ਹਵਾਲਾ ਦਿੱਤਾ। ਜਿਹੜੇ ਉਸਦੇ ਪਹਿਲੇ ਦੱਸੇ ਹੋਏ ਕੰਮਾਂ ਬਾਰੇ ਹਵਾਲਾ ਦੇਂਦੇ ਸਨ; ਉਨ੍ਹਾਂ ਦੇ ਦਿਲ ਅੰਦਰੋਂ ਜਲ ਗਏ। ਸੁਣੋ ਜ਼ਬੂਰ 22 ਵਿੱਚ ਦਾਊਦ ਨੇ ਯਿਸੂ ਦੀ ਸਲੀਬ ਤੇ ਮੌਤ ਬਾਰੇ ਕੀ ਭਵਿੱਖਬਾਣੀ ਕੀਤੀ।''

**ਜਬੂਰ ਲਿਖਣ ਵਾਲਾ :**

''ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ, ਤੈਂ ਮੈਨੂੰ ਕਿਉਂ ਛੱਡ ਦਿੱਤਾ ਹੈ?''
''ਜਿੰਨੇ ਮੈਨੂੰ ਵੇਖਦੇ ਹਨ ਉਹ ਮੈਨੂੰ ਮਖੌਲ ਵਿੱਚ ਉਡਾਉਂਦੇ ਹਨ।
ਓਹ ਬੁੱਲ ਪਸਾਰਦੇ ਅਤੇ ਸਿਰ ਹਿਲਾਉਂਦੇ ਹਨ।''
''ਯਹੋਵਾਹ ਗੋਚਰਾ ਹੈ ਜਾਂ, ਉਹੋ ਉਸ ਨੂੰ ਛੁਡਾਵੇ;
ਉਹੋ ਉਸ ਨੂੰ ਬਚਾਵੇ ਕਿਉਂ ਜੋ ਉਹ ਉਸ ਤੋਂ ਪ੍ਰਸੰਨ ਹੈ।''
''ਕੁਕਰਮੀਆਂ ਦੀ ਟੋਲੀ ਨੇ ਮੈਨੂੰ ਘੇਰਾ ਪਾ ਲਿਆ ਹੈ।
ਉਨ੍ਹਾਂ ਨੇ ਮੇਰੇ ਹੱਥ ਪੈਰ ਵਿੰਨ੍ਹ ਸੁੱਟੇ ਹਨ।''
''ਮੈਂ ਆਪਣੀਆਂ ਸਾਰੀਆਂ ਹੱਡੀਆਂ ਗਿਣ ਸਕਦਾ ਹਾਂ,
ਉਹ ਮੈਨੂੰ ਘੂਰ ਘੂਰ ਵੇਖਦੇ ਹਨ।''
''ਉਹ ਮੇਰੇ ਕੱਪੜੇ ਆਪੋ ਵਿੱਚ ਵੰਡ ਲੈਂਦੇ ਹਨ।
ਅਤੇ ਮੇਰੇ ਲਿਬਾਸ ਉੱਤੇ ਗੁਣਾਂ ਪਾਉਂਦੇ ਹਨ।''

**ਕਥਾਵਾਚਕ :** ਲੂਕਾ 24:28-35 ਵਿੱਚੋਂ ਕਹਾਣੀ ਦਾ ਦੂਜਾ ਭਾਗ ਦੱਸੋ। ਫਿਰ ਕਹੇ, ਸੁਣੋ ਕਲਿਉਪਸ ਕੀ ਕਹਿੰਦਾ ਹੈ।''

**ਕਲਿਉਪਸ :** (ਯਿਸੂ ਨੂੰ ਕਹੇ) ''ਮਿੱਤਰ ਬਹੁਤ ਦੇਰ ਹੋ ਚੁੱਕੀ ਹੈ, ਅੱਗੇ ਨਾ ਜਾਹ। ਸਾਡੇ ਨਾਲ ਠਹਿਰ ਜਾਹ।''

**ਯਿਸੂ :** ''ਮੈਨੂੰ ਰੋਟੀ ਤੋੜ ਲੈਣ ਦਿਓ। ਪ੍ਰਭੂ ਇਹ ਭੋਜਨ ਦੇਣ ਲਈ ਧੰਨਵਾਦ।'' (ਰੋਟੀ ਤੋੜਕੇ ਕਲਿਉਪਸ ਅਤੇ ਉਸਦੇ ਸਾਥੀ ਨੂੰ ਫੜਾਉਣ ਦਾ ਵਿਖਾਵਾ ਕਰੇ।)

**ਕਲਿਉਪਸ ਅਤੇ ਸਾਥੀ :** ਭੱਜ ਕੇ ਚੇਲਿਆਂ ਕੋਲ ਜਾਓ। ਜ਼ੋਰ ਨਾਲ ਕਹੋ, ''ਇਹ ਉਹ ਹੈ! ਏਹ ਯਿਸੂ ਹੈ! ਉਸਦੇ ਚੇਲਿਆਂ ਨੂੰ ਦੱਸਣ!''

**ਚੇਲੇ :** ''ਹਾਂ, ਇਹ ਸੱਚ ਹੈ।'' ''ਅਸੀਂ ਵੀ ਉਸਨੂੰ ਵੇਖਿਆ ਹੈ।'' ''ਉਹ ਫਿਰ ਜੀ ਉੱਠਿਆ ਹੈ!''

**ਕਥਾਵਾਚਕ :** ਹਰ ਇਕ ਦਾ ਧੰਨਵਾਦ ਕਰੇ ਜਿਸਨੇ ਨਾਟਕ ਵਿੱਚ ਮਦਦ ਕੀਤੀ ਹੈ।

**ਪ੍ਰਸ਼ਨ :** ਜੇਕਰ ਬੱਚੇ, ਬਾਲਗਾਂ ਲਈ ਇਸ ਕਹਾਣੀ ਦਾ ਨਾਟਕ ਕਰਦੇ ਹਨ, ਤਾਂ ਉਨ੍ਹਾਂ ਨੂੰ ਵੀ ਬਾਲਗਾਂ ਤੋਂ ਉਹ ਪ੍ਰਸ਼ਨ ਪੁੱਛਣ ਦਿਓ ਜਿਨ੍ਹਾਂ ਦੀ ਸੂਚੀ ਉੱਪਰ ਦਿੱਤੀ ਗਈ ਹੈ।

**ਪੁੱਛੋ:** ਹੋਰ ਕਿਹੜੀਆਂ ਉਦਾਹਰਣਾਂ ਹਨ ਜਿੱਥੇ ਪਰਮੇਸ਼ੁਰ ਸਾਡੇ ਦਿਲਾਂ ਨੂੰ ਖੁਸ਼ੀ ਨਾਲ ਭਰ ਦੇਂਦਾ ਹੈ ਜਦੋਂ ਅਸੀਂ ਯਿਸੂ ਅਤੇ ਉਸਦੇ ਜੀ ਉੱਠਣ ਬਾਰੇ ਸੁਣਦੇ ਹਾਂ? (ਬੱਚਿਆਂ ਨੂੰ ਉਦਾਹਰਣਾਂ ਦੇਣ ਦਿਓ।)

ਦਿਲ ਦੇ ਅੰਦਰ ਦੀ ਅੱਗ ਦਾ **ਚਿੱਤਰ ਬਣਾਓ**। ਬੱਚਿਆਂ ਨੂੰ ਉਨ੍ਹਾਂ ਦੇ ਬਣਾਏ ਗਏ ਚਿੱਤਰ ਬਾਲਗਾਂ ਨੂੰ ਅਰਾਧਨਾ ਦੌਰਾਨ ਵਿਖਾਉਣ ਦਿਓ ਅਤੇ ਦੱਸਣ ਦਿਓ ਕਿ ਯਿਸੂ ਸਾਡੇ ਦਿਲਾਂ ਨੂੰ ਖੁਸ਼ੀ ਨਾਲ ਭਰ ਦੇਂਦਾ ਹੈ ਕਿਉਂਕਿ ਉਹ ਮੁਰਦਾ ਨਹੀਂ ਹੈ; ਉਹ ਜਿੰਦਾ ਹੈ ਅਤੇ ਉਸਦਾ ਆਤਮਾ ਸਦਾ ਲਈ ਸਾਡੇ ਅੰਦਰ ਵਾਸ ਕਰਦਾ ਹੈ।



ਹਿਜ਼ਕੀਏਲ 36:25-26 **ਯਾਦ ਕਰੋ** (ਛੋਟੇ ਬੱਚੇ ਸਿਰਫ 26 ਆਇਤ) **ਯਾਦ ਕਰਨ:**

**25** ''ਤਦੋਂ ਤੁਹਾਡੇ ਉੱਤੇ ਨਿਰਮਲ ਜਲ ਛਿੜਕਾਂਗਾ ਅਤੇ ਤੁਸੀਂ ਸ਼ੁੱਧ ਹੋਵੋਗੇ ਅਤੇ ਮੈਂ ਤੁਹਾਨੂੰ ਤੁਹਾਡੀ ਸਾਰੀ ਅਸ਼ੁੱਧਤਾਈ ਤੋਂ ਅਤੇ ਤੁਹਾਡੀਆਂ ਸਾਰੀਆਂ ਮੂਰਤੀਆਂ ਤੋਂ ਤੁਹਾਨੂੰ ਸ਼ੁੱਧ ਕਰਾਂਗਾ।''

**26** ''ਅਤੇ ਮੈਂ ਤੁਹਾਨੂੰ ਨਵਾਂ ਦਿਲ ਦਿਆਂਗਾ ਅਤੇ ਨਵਾਂ ਆਤਮਾ ਤੁਹਾਡੇ ਵਿੱਚ ਪਾਵਾਂਗਾ ਅਤੇ ਤੁਹਾਡੇ ਮਾਸ ਵਿੱਚੋਂ ਪੱਥਰ ਦਾ ਦਿਲ ਕੱਢ ਲਵਾਂਗਾ ਅਤੇ ਮਾਸ ਦਾ ਦਿਲ ਤੁਹਾਨੂੰ ਬਖਸ਼ਾਂਗਾ।''

**ਪ੍ਰਾਰਥਨਾ:** ''ਪਿਆਰੇ ਪ੍ਰਭੂ, ਸਾਡੇ ਦਿਲ ਖੁਸ਼ੀ ਨਾਲ ਭਰ ਜਾਂਦੇ ਹਨ ਜਦੋਂ ਅਸੀਂ ਤੇਰੇ ਜੀ ਉੱਠਣ ਨੂੰ ਯਾਦ ਕਰਦੇ ਹਾਂ। ਤੂੰ ਮਰਿਆ ਨਹੀਂ ਰਿਹਾ। ਤੂੰ ਜ਼ਿੰਦਾ ਹੈ! ਤੂੰ ਸਾਡੇ ਵਿੱਚ ਰਹਿੰਦਾ ਹੈ ਅਤੇ ਸਾਨੂੰ ਜੀਵਨ ਦੇਂਦਾ ਹੈਂ। ਅਸੀਂ ਤੈਨੂੰ ਆਪਣੀਆਂ ਅੱਖਾਂ ਨਾਲ ਵੇਖਣ ਅਤੇ ਤੇਰੇ ਨਾਲ ਸਦਾ ਰਹਿਣ ਲਈ ਵਿਆਕੁਲ ਹਾਂ। ਪ੍ਰਭੂ ਯਿਸੂ, ਜਲਦੀ ਆ।''

Copyright 2004 © by Paul-Timothy. May be freely copied. Download from www.Paul-Timothy.net